# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

ਐਸ.ਸੀ.ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ

ਫੋਨ ਨੰ: 0172-5015865, ਫੈਕਸ ਨੰ: 0172-2624687 ਵੈਬਸਾਈਟ- www.ssapunjab.org

ਵੱਲ :

ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.), ਪੰਜਾਬ
ਸਮੂਹ ਸਕੂਲ ਮੁਖੀ, ਪੰਜਾਬ (ਵੈਬਸਾਈਟ ਰਾਹੀਂ)

ਮੀਮੋ ਨੰ :- ਸਸਅ/2012/ਐਡਮਨ/ਜਨਰਲ/8548
ਮਿਤੀ ਚੰਡੀਗੜ੍ਹ 11 ਸਤੰਬਰ, 2012

**ਵਿਸ਼ਾ: ਵਿਦਿਆਰਥੀਆਂ ਵੱਲੋ ਇਸਤੇਮਾਲ ਕੀਤੀਆਂ ਜਾਂਦੀਆਂ ਕਾਪੀਆਂ/ਕਿਤਾਬਾਂ ਦੀਆਂ ਜਿਲਦਾ ਸਬੰਧੀ।**

1.0 ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਪੰਜਾਬ ਰਾਜ ਦੇ ਬਹੁਤ ਸਾਰੇ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਵੱਲੋਂ ਇਸਤੇਮਾਲ ਕੀਤੀਆਂ ਜਾਦੀਆਂ ਕਾਪੀਆਂ ਅਤੇ ਕਿਤਾਬਾਂ ਦੀਆਂ ਜਿਲਦਾ ਉਤੇ ਚੜਾਏ ਜਾਂਦੇ ਕਵਰ ਸਿੱਖਿਆ ਦਾ ਸਬੰਧਤ ਨਹੀ ਹੁੰਦੇ ਸਗੋ ਇਸ ਤੋ ਉਲਟ ਕਾਪੀਆਂ/ਕਿਤਾਬਾਂ ਦੀਆਂ ਜਿਲਦਾ ਉਤੇ ਕਿਸੇ ਫਿਲਮਾਂ ਦੇ ਐਕਟਰ, ਮਾਡਲ ਦੀਆਂ ਤਸਵੀਰਾਂ ਜਾਂ ਕਿਸੇ ਗਾਇਕ ਆਦਿ ਦੀਆਂ ਤਸਵੀਰਾਂ ਆਮ ਵੇਖਣ ਵਿੱਚ ਆਉਦੀਆਂ ਹਨ, ਜਿਸ ਨਾਲ ਵਿਦਿਆਰਥੀਆਂ ਦਾ ਧਿਆਨ ਸਕੂਲ ਸਮੇਂ ਦੌਰਾਨ ਫਿਲਮਾਂ ਜਾਂ ਇਹਨ੍ਹਾ ਕਾਪੀਆਂ ਉਤੇ ਮਾਡਲਾਂ ਦੀਆਂ ਫੋਟੋਆਂ ਵੱਲ ਜਿਆਦਾ ਰਹਿੰਦਾ ਹੈ ਅਤੇ ਉਹ ਆਮ ਇਨ੍ਹਾਂ ਬਾਰੇ ਗਲਬਾਤ ਕਰਦੇ ਵੇਖੇ ਜਾ ਸਕਦੇ ਹਨ, ਜਿਸ ਨਾਲ ਸਕੂਲ ਸਮੇਂ ਦੌਰਾਨ ਵਿਦਿਆਰਥੀ ਦਾ ਧਿਆਨ ਸਿੱਖਿਆ ਪ੍ਰਤੀ ਕੇਂਦਰਿਤ ਨਹੀ ਰਹਿੰਦਾ।

2.0 ਇਸ ਲਈ ਹਰ ਸਕੂਲ ਮੁੱਖੀ/ਅਧਿਆਪਕ ਦੀ ਇਹ ਜਿੰਮੇਵਾਰੀ ਬਣਦੀ ਹੈ ਕਿ ਉਹ ਯਕੀਨੀ ਬਨਾਉਣ ਕਿ ਸਕੂਲ ਵਿੱਚ ਪੜ੍ਹ ਰਹੇ ਕਿਸੇ ਵੀ ਵਿਦਿਆਰਥੀ ਦੀ ਕਾਪੀ ਅਤੇ ਕਿਤਾਬ ਦੀ ਜਿਲਦ ਉਤੇ ਕਿਸੇ ਮਾਡਲ, ਫਿਲਮਾਂ ਦੇ ਐਕਟਰ ਜਾਂ ਕਿਸੇ ਗਾਇਕ ਆਦਿ ਜਾਂ ਲੱਚਰਤਾ ਵੱਲ ਪ੍ਰੇਰਿਤ ਕਰਨ ਵਾਲੀਆਂ ਫੋਟੋਆਂ ਨਾ ਹੋਣ ਅਤੇ ਕਾਪੀਆਂ ਅਤੇ ਕਿਤਾਬਾਂ ਉਤੇ ਕੇਵਲ ਕਵਰ ਚੜ੍ਹਿਆ ਹੋਵੇ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ